# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ:-** **ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਫਰਵਰੀ/ਮਾਰਚ 2016 ਦੌਰਾਨ ਕੇਂਦਰ ਸੁਪਰਡੰਟ ਲਈ ਹਦਾਇਤਾਂ।**

ਕੇਂਦਰ ਵਿੱਚ ਤੁਹਾਡਾ ਆਪਣਾ ਕੋਈ ਨਜ਼ਦੀਕੀ ਰਿਸ਼ਤੇਦਾਰ ਜਾਂ ਤੁਹਾਡੇ/ਤੁਹਾਡੀ/ਪਤੀ/ਪਤਨੀ ਵੱਲੋਂ ਪੜ੍ਹਾਇਆ ਹੋਇਆ ਪ੍ਰੀਖਿਆਰਥੀ ਪ੍ਰੀਖਿਆ ਨਾ ਦੇ ਰਿਹਾ ਹੋਵੇ ਅਤੇ ਨਾ ਹੀ ਤੁਹਾਨੂੰ ਬੋਰਡ ਵੱਲੋਂ ਕਿਸੇ ਵੀ ਸੇਵਾਫਲ ਪਾਉਣ ਵਾਲੇ ਕੰਮ ਤੋਂ ਆਯੋਗ ਠਹਿਰਾਇਆ ਗਿਆ ਹੋਵੇ। ਇਸ ਸਬੰਧੀ ਨਿਗਰਾਨ ਅਮਲੇ ਤੋਂ ਵੀ ਸਰਟੀਫਿਕੇਟ ਲਿਆ ਜਾਵੇ।

1. ਪ੍ਰੀਖਿਆ ਸ਼ੁਰੂ ਹੋਣ ਤੋਂ **ਇੱਕ ਦਿਨ ਪਹਿਲਾਂ ਸਵੇਰੇ 11.00 ਵਜੇ** ਪ੍ਰੀਖਿਆ ਕੇਂਦਰ ਵਿੱਚ ਹਾਜ਼ਰ ਹੋਇਆ ਜਾਵੇ। ਕੇਂਦਰ ਕੰਟਰੋਲਰ ਤੋਂ ਸੁਪਰਡੰਟ ਪੈਕਟ ਪ੍ਰਾਪਤ ਕਰਕੇ ਲੋੜੀਂਦੇ ਪ੍ਰਬੰਧ ਕਰ ਲਏ ਜਾਣ ਅਤੇ ਨਿਗਰਾਨ ਅਮਲੇ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ।
2. ਤੁਹਾਨੂੰ ਅਤੇ ਤੁਹਾਡੇ ਕੇਂਦਰ ਨਾਲ ਸਬੰਧਤ ਹੋਰ ਅਮਲੇ ਨੂੰ ਮਿਹਨਤਾਨੇ ਦੀ ਅਦਾਇਗੀ ਹਦਾਇਤ ਬੁੱਕ ਵਿੱਚ ਦਰਜ ਦਰਾਂ ਅਨੁਸਾਰ ਕੀਤੀ ਜਾਵੇਗੀ।
3. ਉਪਰੋਕਤ ਅਦਾਇਗੀ ਤੋਂ ਇਲਾਵਾ ਕੋਈ ਟੀ.ਏ/ਡੀ.ਏ. ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।
4. ਕੇਂਦਰ ਸੁਪਰਡੰਟ ਜਾਂ ਨਿਗਰਾਨ ਅਮਲੇ ਦਾ ਕੋਈ ਮੈਂਬਰ ਜੇਕਰ ਆਪਣੀ ਡਿਊਟੀ ਦੌਰਾਨ ਵਿਸ਼ਵਾਸ਼ ਜਾਂ ਅਨੁਸਾਸ਼ਨ ਭੰਗ ਕਰਦਾ ਹੈ, ਜਾਂ ਕੋਈ ਡਿਊਟੀ ਪ੍ਰਤੀ ਕੁਤਾਹੀ ਪਾਈ ਜਾਦੀ ਹੈ, ਤਾਂ ਕਾਨੂੰਨੀ / ਵਿਭਾਗੀ ਕਾਰਵਾਈ ਜਾਂ ਦੋਹਾਂ ਲਈ ਉਹ ਜ਼ਿੰਮੇਵਾਰ ਹੋਵੇਗਾ।
5. **ਇਮਤਿਹਾਨਾਂ ਸਬੰਧੀ ਡਿਊਟੀ ਲਾਜ਼ਮੀ ਕਰਾਰ ਦਿੱਤੀ ਹੋਈ ਹੈ ਕਿਸੇ ਵੀ ਹਾਲਤ ਵਿੱਚ ਡਿਊਟੀ ਤੋਂ ਛੋਟ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਡਿਊਟੀ ਨਾ ਨਿਭਾਉਣ ਦੀ ਸੂਰਤ ਵਿੱਚ ਉਸਨੂੰ ਆਪਣੇ ਸਕੂਲ ਤੋਂ ਗੈਰ-ਹਾਜ਼ਰ ਸਮਝਿਆ ਜਾਵੇਗਾ ਅਤੇ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਵੀ ਕੀਤੀ ਜਾਵੇਗੀ। ਇਹ ਗੱਲ ਯਕੀਨੀ ਬਣਾਈ ਜਾਵੇ ਕਿ ਆਪਣਾ ਕੇਂਦਰ ਸੁਪਰਡੰਟ ਦਾ ਪੈਕਟ ਨਿਰਧਾਰਤ ਸ਼ਡਿਊਲ ਅਨੁਸਾਰ ਪ੍ਰਾਪਤ ਕੀਤਾ ਜਾਵੇ। ਜੇਕਰ ਤੁਸੀਂ ਆਪਣਾ ਸੁਪਰਡੰਟ ਪੈਕਟ ਪ੍ਰਾਪਤ ਨਹੀਂ ਕਰਦੇ ਤਾਂ ਤੁਹਾਡਾ ਕੇਸ ਅਨੁਸ਼ਾਸਨੀ ਕਾਰਵਾਈ ਲਈ ਸਕੂਲ ਸਿੱਖਿਆ ਵਿਭਾਗ, (ਪੰਜਾਬ) ਨੂੰ ਭੇਜ ਦਿੱਤਾ ਜਾਵੇਗਾ, ਜਿਸ ਦੀ ਜਿੰਮੇਵਾਰੀ ਤੁਹਾਡੀ ਆਪਣੀ ਹੋਵੇਗੀ।**!
6. ਇਸ ਗੱਲ ਦਾ ਵੀ ਖਾਸ ਧਿਆਨ ਰੱਖਿਆ ਜਾਵੇ ਕਿ 35 ਪ੍ਰੀਖਿਆਰਥੀਆਂ ਤੱਕ ਇੱਕ ਨਿਗਰਾਨ 175 ਪ੍ਰੀਖਿਆਰਥੀਆਂ ਤੱਕ ਇੱਕ ਡਿਪਟੀ ਸੁਪਰਡੰਟ ਅਤੇ ਇਸ ਤੋਂ ਉੱਪਰ ਦੋ ਡਿਪਟੀ ਸੁਪਰਡੰਟ ਕੰਮ ਕਰਨਗੇ।
7. ਦਰਜਾ ਚਾਰ ਅਮਲਾ ਸਬੰਧਤ ਸਕੂਲ ਦਾ ਹੀ ਲਾਇਆ ਜਾਵੇ।
8. ਪ੍ਰਸ਼ਨ-ਪੱਤਰ ਬੈਂਕਾਂ ਰਾਹੀਂ ਭੇਜੇ ਜਾਣੇ ਹਨ। ਸਬੰਧਤ ਕੇਂਦਰ ਕੰਟਰੋਲਰ ਵੱਲੋਂ ਪ੍ਰਸ਼ਨ-ਪੱਤਰਾਂ ਦੇ ਪੈਕਟ ਹਰ-ਰੋਜ਼ ਬੈਂਕ ਵਿੱਚੋਂ ਪ੍ਰਾਪਤ ਕਰਕੇ ਪ੍ਰੀਖਿਆ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਆਪ ਨੂੰ ਸੌਂਪੇ ਜਾਣਗੇ। ਪ੍ਰਸ਼ਨ ਪੱਤਰਾਂ ਦੇ ਪੈਕਟਾਂ ਦੀਆਂ ਸੀਲਾਂ ਚੈਕ ਕਰਕੇ ਪ੍ਰਾਪਤ ਕੀਤੇ ਜਾਣ।
9. ਇਹ ਗੱਲ ਯਕੀਨੀ ਬਣਾਈ ਜਾਵੇ ਕਿ ਪ੍ਰੀਖਿਆਵਾਂ ਵਿੱਚ ਡਿਊਟੀ ਤੇ ਤੈਨਾਤ ਨਿਗਰਾਨ ਅਮਲਾ ਜਾਂ ਪ੍ਰੀਖਿਆਰਥੀ ਪ੍ਰੀਖਿਆ ਕੇਂਦਰ ਵਿੱਚ ਆਪਣੇ ਨਾਲ ਮੋਬਾਇਲ ਫੋਨ ਆਦਿ ਨਾ ਲੈ ਕੇ ਜਾਵੇ।
10. ਜੇਕਰ ਕਿਸੇ ਨਿਗਰਾਨ ਅਮਲੇ ਵੱਲੋਂ ਤੁਹਾਡੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਉਸ ਦਾ ਪੜ੍ਹਾਇਆ/ਨਜ਼ਦੀਕੀ ਰਿਸ਼ਤੇਦਾਰ ਡਿਊਟੀ ਵਾਲੇ ਕੇਂਦਰ ਵਿੱਚ ਪ੍ਰੀਖਿਆ ਦੇ ਰਿਹਾ ਹੈ ਤਾਂ ਉਸ ਨੂੰ ਤੁਰੰਤ ਜ਼ਿਲ੍ਹਾ ਸਿੱਖਿਆ ਅਫਸਰ (ਸ) ਨਾਲ ਸੰਪਰਕ ਕਰਨ ਲਈ ਹਦਾਇਤ ਕੀਤੀ ਜਾਵੇ।
11. **ਹਰ-ਰੋਜ਼ ਪ੍ਰੀਖਿਆ ਦੀ ਸਮਾਪਤੀ ਉਪਰੰਤ ਉੱਤਰ-ਪੱਤਰੀਆਂ ਦੇ ਸੀਲਬੰਦ ਪੈਕਟ ਇਕੱਤਰ ਕੇਂਦਰ ਤੇ ਜਮ੍ਹਾਂ ਕਰਵਾਉਣਾ ਆਪ ਦੀ ਜਿੰਮੇਵਾਰੀ ਹੋਵੇਗੀ। ਕਿਸੇ ਵੀ ਹਾਲਤ ਵਿੱਚ ਇਹ ਡਿਊਟੀ ਦਰਜਾ ਚਾਰ ਕਰਮਚਾਰੀ ਨੂੰ ਨਾ ਦਿੱਤੀ ਜਾਵੇ। ਜੇਕਰ ਕਿਸੇ ਵਿਸ਼ੇਸ਼ ਹਲਾਤਾਂ ਕਰਕੇ ਕਿਸੇ ਦਿਨ ਤੁਸੀਂ ਸੀਲਬੰਦ ਪੈਕਟ ਜਮ੍ਹਾਂ ਕਰਵਾਉਣ ਲਈ ਨਹੀਂ ਜਾ ਸਕਦੇ ਤਾਂ ਪ੍ਰੀਖਿਆ ਕੇਂਦਰ ਵਿੱਚ ਤਾਇਨਾਤ ਡਿਪਟੀ ਸੁਪਰਡੰਟ/ਸਹਾਇਕ ਸੁਪਰਡੰਟ ਜਾਂ ਸੁਪਰਵਾਈਜਰ ਨੂੰ ਅਥਾਰਟੀ ਲੈਟਰ ਦੇ ਕੇ ਭੇਜਿਆ ਜਾਵੇ। ਅਥਾਰਟੀ ਲੈਟਰ ਦਾ ਫਾਰਮੇਟ ਕੇਂਦਰ ਕੰਟਰੋਲਰ/ਸਕੂਲ ਦੀ ਲਾਗਇੰਨ ਆਈ.ਡੀ ਅਤੇ ਕੇਂਦਰ ਸੁਪਰਡੰਟ ਦੇ ਪੈਕਟ ਵਿੱਚ ਉਪਲਬੱਧ ਹੈ।**
12. **ਜੇਕਰ ਪ੍ਰੀਖਿਆ ਕੇਂਦਰ ਵਿੱਚ ਵਿੱਲਖਣ ਸਮਰੱਥਾ ਰੱਖਣ ਵਾਲਾ ਪ੍ਰੀਖਿਆਰਥੀ ਪ੍ਰੀਖਿਆ ਦੇ ਰਿਹਾ ਹੈ ਤਾਂ ਅਜਿਹੇ ਪ੍ਰੀਖਿਆਰਥੀਆਂ ਦੀਆਂ ਉੱਤਰ-ਪੱਤਰੀਆਂ ਦੇ ਪੈਕਟ ਵੱਖਰੇ ਤੌਰ ਤੇ ਸੀਲਬੰਦ ਕਰਕੇ ਭੇਜੇ ਜਾਣ।**
13. **ਪ੍ਰੀਖਿਆ ਦੌਰਾਨ ਕਿਸੇ ਵੀ ਪ੍ਰੀਖਿਆਥੀ ਦੇ ਬੂਟ ਅਤੇ ਜੁਰਾਬਾਂ ਨਾ ਖੁਲ੍ਹਵਾਏ ਜਾਣ।**
14. ਲੋੜ ਪੈਣ ਤੇ ਲੜਕੀਆਂ ਦੀ ਤਲਾਸ਼ੀ ਇਸਤਰੀ ਨਿਗਰਾਨ ਤੋਂ ਹੀ ਕਰਵਾਈ ਜਾਵੇ।

ਪ੍ਰਸ਼ਨ ਪੱਤਰਾਂ ਦੀ ਘਾਟ ਲਈ ਹੇਠ ਲਿਖੇ ਅਨੁਸਾਰ ਸੰਪਰਕ ਕੀਤਾ ਜਾਵੇ।

**ਬਾਰ੍ਹਵੀਂ ਸ਼੍ਰੇਣੀ:-** ਸਾਰੇ ਜ਼ਿਲ੍ਹੇ (0172-3047351,304,305,310) ਫੈਕਸ ਨੰ: (0172-3070850)

**ਦਸਵੀਂ ਸ਼੍ਰੇਣੀ** :-(ੳ) ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਜਲੰਧਰ , ਕਪੂਰਥਲਾ, ਐਸ.ਬੀ.ਐਸ. ਨਗਰ , ਫਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਮੁਕਤਸਰ, ਬਰਨਾਲਾ, ਚੰਡੀਗੜ੍ਹ।(0172-3047270,271,272) ਫੈਕਸ ਨੰ:(0172-3070852)

**(ਅ)** ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ,ਫਾਜਿਲਕਾ, ਮਾਨਸਾ, ਮੋਗਾ, ਲੁਧਿਆਣਾ, ਰੂਪਨਗਰ, ਤਰਨਤਾਰਨ , ਐਸ.ਏ.ਐਸ ਨਗਰ (0172-3047298,299,300) ਫੈਕਸ ਨੰ: (0172-3070851)

**ਨੋਟ:-** ਹੋਰ ਜਾਣਕਾਰੀ ਲਈ ਬੋਰਡ ਦੇ ਕੰਟਰੋਲ ਰੂਮ ਦੇ ਫੋਨ ਨੰ: 0172-3047263,264 ਅਤੇ ਫੈਕਸ ਨੰ:(0172-3047262) ਤੇ ਸਪਰੰਕ ਕੀਤਾ ਜਾ ਸਕਦਾ ਹੈ।

**ਉਪ ਸਕੱਤਰ (ਕ.ਸ)**
**ਵਾਸਤੇ ਸਕੱਤਰ**